



# ਪਾਲਣ ਪੋਸ਼ਣ ਕਰਨ ਵਾਲੇ ਜਾਂ ਦੇਖਭਾਲ ਕਰਨ ਵਾਲੇ ਰਿਸ਼ਤੇਦਾਰ ਬਣੋ।

## ਸਾਰੇ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ, ਕਦਰਾਂ-ਕੀਮਤਾਂ ਅਤੇ ਸਿੱਖਿਅਤ ਰਹਿਣ ਦਾ ਅਤੇ ਇਕ ਦੇਖਭਾਲ ਕਰਨ ਵਾਲੇ ਪਰਿਵਾਰ ਨਾਲ ਘਰ ਵਿੱਚ ਰਹਿਣ ਦਾ ਅਧਿਕਾਰ ਹੈ।

ਪਾਲਣ ਪੋਸ਼ਣ ਕਰਨ ਵਾਲੇ(ਫੋਸਟਰ) ਅਤੇ ਦੇਖਭਾਲ ਕਰਨ ਵਾਲੇ ਰਿਸ਼ਤੇਦਾਰ ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਲਈ ਆਪਣੇ ਦਿਲ ਅਤੇ ਘਰ ਦੇ ਦਰਵਾਜੇ ਖੋਲ੍ਹਦੇ ਹਨ, ਜੋ ਦੁਰਵਿਵਹਾਰ ਜਾਂ ਅਣਗਹਿਲੀ ਕਾਰਨ ਆਪਣੇ ਪਰਿਵਾਰਾਂ ਨਾਲ ਘਰ ਵਿੱਚ ਨਹੀਂ ਰਹਿ ਸਕਦੇ ਹਨ।

ਪਾਲਣ-ਪੋਸ਼ਣ ਕਰਨ ਵਾਲੇ ਵੱਖ-ਵੱਖ ਉਮਰਾਂ, ਸਭਿਆਚਾਰਕ ਅਤੇ ਧਾਰਮਿਕ ਪਿਛੋਕੜ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੀ ਦੇਖਭਾਲ ਕਰਦੇ ਹਨ। ਉਹ ਇੱਕ ਜਾਂ ਦੋ ਰਾਤਾਂ, ਕੁਝ ਮਹੀਨਿਆਂ, ਜਾਂ ਸਾਲਾਂ ਲਈ ਬੱਚੇ ਜਾਂ ਨੌਜਵਾਨ ਵਿਅਕਤੀ ਦੀ ਸਥਿਤੀ ਅਤੇ ਦੇਖਭਾਲ ਕਰਨ ਵਾਲਿਆਂ ਦੀ ਸਮਰੱਥਾ ਦੇ ਅਧਾਰ ਤੇ ਦੇਖਭਾਲ ਪ੍ਰਦਾਨ ਕਰ ਸਕਦੇ ਹਨ।

## ਸੰਭਾਲ ਕਰਤਾ ਕੌਣ ਹੋ ਸਕਦਾ ਹੈ?

18 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਪਾਲਣ-ਪੋਸ਼ਣ ਕਰਨ ਵਾਲਾ ਜਾਂ ਰਿਸ਼ਤੇਦਾਰ ਸੰਭਾਲ ਕਰਨ ਵਾਲਾ ਬਣਨ ਲਈ ਅਰਜ਼ੀ ਦੇ ਸਕਦਾ ਹੈ। ਸਾਨੂੰ ਉਨ੍ਹਾਂ ਦੇਖਭਾਲ ਕਰਨ ਵਾਲਿਆਂ ਦੀ ਜ਼ਰੂਰਤ ਹੈ, ਜੋ ਮਰਦ ਜਾਂ ਔਰਤ, ਕੁਆਰੇ ਜਾਂ ਜੋੜੇ, ਵਿਆਹੇ ਜਾਂ ਰਿਸ਼ਤੇ ਵਿੱਚ ਹੋਣ । ਦੇਖਭਾਲ ਕਰਨ ਵਾਲੇ ਦੇ ਤੌਰ ਤੇ ਬਹੁਤ ਸਾਰੇ ਵੱਖੋ ਵੱਖਰੇ ਲੋਕਾਂ ਦੀ ਜ਼ਰੂਰਤ ਹੁੰਦੀ ਹੈ, ਤਾਂ ਜੋ ਅਸੀਂ ਬੱਚਿਆਂ ਅਤੇ ਨੌਜਵਾਨਾਂ ਦੀ ਦੇਖਭਾਲ ਦੀ ਜ਼ਰੂਰਤ ਅਨੁਸਾਰ ਸਭ ਤੋਂ ਵਧੀਆ ਮੇਲ ਬਣਾ ਸਕੀਏ।

## ਦੇਖਭਾਲ ਦੀਆਂ ਵੱਖ ਵੱਖ ਕਿਸਮਾਂ ਕਿਹੜੀਆਂ ਹਨ?

ਦੇਖਭਾਲ ਵੱਖ ਵੱਖ ਕਿਸਮਾਂ ਦੀ ਹੁੰਦੀ ਹੈ, ਜੋ ਤੁਸੀਂ ਬੱਚੇ ਜਾਂ ਨੌਜਵਾਨ ਵਿਅਕਤੀ ਲਈ ਪ੍ਰਦਾਨ ਕਰ ਸਕਦੇ ਹੋ, ਅਤੇ ਤੁਸੀਂ ਆਪਣੀ ਪਰਿਵਾਰਕ ਸਥਿਤੀ ਦੇ ਅਧਾਰ ਤੇ ਵਚਨਬੱਧਤਾ ਦਾ ਪੱਧਰ ਚੁਣ ਸਕਦੇ ਹੋ, ਜੋ ਤੁਸੀਂ ਕਰ ਸਕਦੇ ਹੋ।

**ਪਾਲਣ-ਪੋਸ਼ਣ ਕਰਨ ਵਾਲਾ** - ਪਾਲਣ-ਪੋਸ਼ਣ ਕਰਨ ਵਾਲੇ ਨੂੰ ਬਾਲ ਸੁਰੱਖਿਆ ਦੁਆਰਾ ਛੋਟੇ ਜਾਂ ਲੰਬੇ ਸਮੇਂ ਲਈ ਆਪਣੇ ਘਰ ਵਿੱਚ ਕਿਸੇ ਬੱਚੇ ਜਾਂ ਨੌਜਵਾਨ ਵਿਅਕਤੀ ਦੀ ਦੇਖਭਾਲ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ।

**ਸੰਭਾਲ ਕਰਨ ਵਾਲਾ ਰਿਸ਼ਤੇਦਾਰ** - ਰਿਸ਼ਤੇਦਾਰ ਦੇਖਭਾਲ ਕਰਨ ਵਾਲਾ ਰਿਸ਼ਤੇਦਾਰ, ਪਰਿਵਾਰ ਦਾ ਜੀਅ ਜਾਂ ਬੱਚੇ ਜਾਂ ਨੌਜਵਾਨ ਵਿਅਕਤੀ ਦੀ ਜ਼ਿੰਦਗੀ ਦਾ ਇੱਕ ਹੋਰ ਮਹੱਤਵਪੂਰਣ ਵਿਅਕਤੀ ਹੁੰਦਾ ਹੈ, ਜਿਸਨੂੰ ਉਹਨਾਂ ਦੇ ਆਪਣੇ ਘਰ ਵਿੱਚ ਦੇਖਭਾਲ ਕਰਨ ਲਈ ਬਾਲ ਸੁਰੱਖਿਆ ਦੁਆਰਾ ਮਨਜ਼ੂਰ ਕੀਤਾ ਜਾਂਦਾ ਹੈ।

ਹੋਰ ਕਿਸਮਾਂ ਦੀ ਦੇਖਭਾਲ ਵਿੱਚ ਰਾਹਤ ਦੇਖਭਾਲ, ਐਮਰਜੈਂਸੀ ਦੇਖਭਾਲ ਅਤੇ ਤੀਬਰ (ਇੰਟੈਂਸਿਵ) ਪਾਲਣ ਪੋਸ਼ਣ ਦੇਖਭਾਲ ਸ਼ਾਮਲ ਹਨ। ਵੱਖ ਵੱਖ ਕਿਸਮਾਂ ਦੀ ਦੇਖਭਾਲ ਬਾਰੇ ਵਧੇਰੇ ਜਾਣਕਾਰੀ ਲਈ, www.qld.gov.au/becomefosterkinshipcarer 'ਤੇ ਜਾਓ।

## ਕੀ ਤੁਸੀਂ ਸੰਭਾਲ ਕਰਨ ਵਾਲਾ ਬਣਨਾ ਚਾਹੁੰਦੇ ਹੋ?

ਦੂਸਰੇ ਲੋਕਾਂ ਦੇ ਬੱਚਿਆਂ ਨੂੰ ਆਪਣੇ ਪਰਿਵਾਰ ਵਿਚ ਲਿਆਉਣਾ ਬਹੁਤ ਫਲਦਾਇਕ ਹੋ ਸਕਦਾ ਹੈ, ਪਰ ਇਹ ਹਮੇਸ਼ਾ ਇੰਨਾ ਸੌਖਾ ਨਹੀਂ ਹੁੰਦਾ ਹੈ। ਪਾਲਣ ਪੋਸ਼ਣ ਕਰਨ ਵਾਲਾ ਜਾਂ ਸੰਭਾਲ ਕਰਨ ਵਾਲਾ ਰਿਸ਼ਤੇਦਾਰ ਬਣਨਾ ਕਿਸੇ ਵੀ ਪਰਿਵਾਰ ਲਈ ਇਕ ਵੱਡਾ ਫੈਸਲਾ ਹੁੰਦਾ ਹੈ, ਅਤੇ ਆਪਣੇ ਪਰਿਵਾਰ ਨਾਲ ਗੱਲ ਕਰਨੀ ਅਤੇ ਬੱਚੇ ਜਾਂ ਨੌਜਵਾਨ ਦੀ ਦੇਖਭਾਲ ਕਰਨ ਵਿਚ ਆਈਆਂ ਤਬਦੀਲੀਆਂ ਅਤੇ ਚੁਣੌਤੀਆਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੁੰਦਾ ਹੈ।

## ਕੁਈਨਜ਼ਲੈਂਡ ਸਰਕਾਰ ਦੀ ਕੀ ਭੂਮਿਕਾ ਹੈ?

ਚਿਲਡਰਨ, ਯੂਥ ਜਸਟਿਸ ਐਂਡ ਮਲਟੀਕਲਚਰਲ ਅਫੇਅਰਜ਼ ਵਿਭਾਗ (ਚਾਈਲਡ ਸੇਫਟੀ) ਕੁਈਨਜ਼ਲੈਂਡ ਦੀ ਸਭ ਤੋਂ ਵੱਡੀ ਬਾਲ ਸੁਰੱਖਿਆ ਏਜੰਸੀ ਹੈ ਅਤੇ ਕਾਨੂੰਨ ਦੁਆਰਾ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਬੱਚੇ ਆਪਣੇ ਘਰਾਂ ਵਿੱਚ ਦੁਰਵਿਵਹਾਰ, ਅਣਗਹਿਲੀ ਅਤੇ ਨੁਕਸਾਨ ਤੋਂ ਸੁਰੱਖਿਅਤ ਰਹਿਣ।

Queensland Government

*ਚਾਈਲਡ ਪ੍ਰੋਟੈਕਸ਼ਨ ਐਕਟ 1999* ਬਾਲ ਸੁਰੱਖਿਆ ਨੂੰ ਬੱਚਿਆਂ ਅਤੇ ਨੌਜਵਾਨਾਂ ਨੂੰ ਦੁਰਵਿਵਹਾਰ ਜਾਂ ਅਣਗਹਿਲੀ ਦੇ ਜੋਖਮ ਤੋਂ ਬਚਾਅ ਲਈ, ਉਨ੍ਹਾਂ ਦੀਆਂ ਜ਼ਰੂਰਤਾਂ 'ਤੇ ਨਿਰਭਰ ਕਰਦਿਆਂ, ਸੁਰੱਖਿਅਤ ਅਤੇ ਦੇਖਭਾਲ ਕਰਨ ਵਾਲੀਆਂ ਥਾਵਾਂ ਲੱਭ ਕੇ, ਉਨ੍ਹਾਂ ਦੇ ਰਹਿਣ ਲਈ ਆਗਿਆ ਦਿੰਦਾ ਹੈ

## ਤੁਸੀਂ ਸੰਭਾਲ ਕਰਨ ਵਾਲੇ ਕਿਵੇਂ ਬਣਦੇ ਹੋ?

ਪਾਲਣ ਪੋਸ਼ਣ ਕਰਨ ਵਾਲੇ ਜਾਂ ਸੰਭਾਲ ਕਰਨ ਵਾਲੇ ਰਿਸ਼ਤੇਦਾਰ ਬਣਨ ਲਈ ਬਹੁਤ ਸਾਰੇ ਪੜਾਅ ਹਨ। ਤੁਹਾਡੇ ਦੁਆਰਾ ਦੇਖਭਾਲਕਰਤਾ ਵਜੋਂ ਬਾਲ ਸੁਰੱਖਿਆ ਦੁਆਰਾ ਮਨਜ਼ੂਰ ਕੀਤੇ ਜਾਣ ਤੋਂ ਪਹਿਲਾਂ ਤੁਹਾਨੂੰ ਇੱਕ ਬਿਨੈ-ਪੱਤਰ ਨੂੰ ਪੂਰਾ ਕਰਨ ਅਤੇ ਮੁਲਾਂਕਣ ਕਰਨ ਅਤੇ ਕੁਝ ਸਿਖਲਾਈ ਲੈਣ ਦੀ ਜ਼ਰੂਰਤ ਹੋਏਗੀ।

ਮੁਲਾਂਕਣ ਦੇ ਦੌਰਾਨ, ਬਹੁਤ ਸਾਰੀਆਂ ਚੀਜ਼ਾਂ ਤੇ ਵਿਚਾਰ ਕੀਤਾ ਜਾਂਦਾ ਹੈ, ਜਿਸ ਵਿੱਚ ਤੁਹਾਡੀ ਪਰਿਵਾਰਕ ਸਥਿਤੀ ਅਤੇ ਤੁਹਾਡੇ ਘਰ ਵਿੱਚ ਰਹਿੰਦੇ ਲੋਕ, ਨਿੱਜੀ ਇਤਿਹਾਸ ਦੀਆਂ ਜਾਂਚਾਂ ਅਤੇ ਉਹ ਕਾਰਨ ਕਿ ਤੁਸੀਂ ਸੰਭਾਲ ਕਰਨ ਵਾਲਾ ਕਿਉਂ ਬਣਨਾ ਚਾਹੁੰਦੇ ਹੋ। ਘਰੇਲੂ ਸੁਰੱਖਿਆ ਦਾ ਅਧਿਐਨ ਅਤੇ ਅਪਰਾਧਿਕ ਇਤਿਹਾਸ ਦੀ ਜਾਂਚ ਕੀਤੀ ਜਾਂਦੀ ਹੈ, ਅਤੇ ਤੁਹਾਨੂੰ ਅਤੇ ਤੁਹਾਡੇ ਬਾਲਗ ਪਰਿਵਾਰ ਦੇ ਮੈਂਬਰਾਂ ਨੂੰ ਨੀਲੇ ਕਾਰਡਾਂ ਦੀ ਜ਼ਰੂਰਤ ਹੋਏਗੀ।

## ਸੰਭਾਲ ਕਰਨ ਵਾਲਿਆਂ ਨੂੰ ਕਿਵੇਂ ਸਹਾਇਤਾ ਦਿੱਤੀ ਜਾਂਦੀ ਹੈ?

ਜੇ ਤੁਸੀਂ ਪਾਲਣ-ਪੋਸ਼ਣ ਕਰਨ ਵਾਲੇ ਜਾਂ ਦੇਖਭਾਲ ਕਰਨ ਵਾਲੇ ਰਿਸ਼ਤੇਦਾਰ ਬਣ ਜਾਂਦੇ ਹੋ ਤਾਂ ਤੁਹਾਨੂੰ ਕਈ ਤਰੀਕਿਆਂ ਨਾਲ ਸਹਾਇਤਾ ਮਿਲੇਗੀ। ਭਾਈਚਾਰਕ-ਅਧਾਰਿਤ ਪਾਲਣ ਪੋਸ਼ਣ ਅਤੇ ਰਿਸ਼ਤੇਦਾਰੀ ਦੇਖਭਾਲ ਸੇਵਾਵਾਂ ਅਤੇ ਬਾਲ ਸੁਰੱਖਿਆ ਤੁਹਾਡੀ ਦੇਖਭਾਲ ਵਿਚ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਨਗੇ।

ਤੁਸੀਂ ਕੁਈਨਜ਼ਲੈਂਡ ਫੋਸਟਰ ਐਂਡ ਕਿਨਸ਼ਿਪ ਕੇਅਰ, ਇੱਕ ਸੰਸਥਾ ਹੈ ਜੋ ਪਾਲਣ-ਪੋਸ਼ਣ ਅਤੇ ਦੇਖਭਾਲ ਕਰਨ ਵਾਲੇ ਰਿਸ਼ਤੇਦਾਰ ਦੀ ਨੁਮਾਇੰਦਗੀ ਅਤੇ ਸਹਾਇਤਾ ਕਰਦੀ ਹੈ, ਉਸ ਤੋਂ ਸਹਾਇਤਾ ਮੰਗ ਸਕਦੇ ਹੋ। ਸੰਭਾਲ ਕਰਨ ਵਾਲਿਆਂ ਨੂੰ ਸਥਾਨਕ ਦੇਖਭਾਲ ਕਰਨ ਵਾਲਿਆਂ, ਦੂਜੇ ਪਰਿਵਾਰਾਂ ਅਤੇ ਉਨ੍ਹਾਂ ਦੇ ਭਾਈਚਾਰੇ ਤੋਂ ਵੀ ਸਹਾਇਤਾ ਪ੍ਰਾਪਤ ਹੁੰਦੀ ਹੈ।

## ਭੱਤੇ ਅਤੇ ਲਾਭ

ਪਾਲਣ ਪੋਸ਼ਣ ਅਤੇ ਦੇਖਭਾਲ ਕਰਨ ਵਾਲੇ ਰਿਸ਼ਤੇਦਾਰ ਨੂੰ ਉਨ੍ਹਾਂ ਦੇ ਘਰ ਵਿਚ ਬੱਚਿਆਂ ਦੀ ਦੇਖਭਾਲ ਕਰਨ ਦੇ ਖਰਚਿਆਂ ਵਿਚ ਸਹਾਇਤਾ ਲਈ ਪੰਦਰਵਾੜਾ ਦੇਖਭਾਲ ਭੱਤਾ ਪ੍ਰਾਪਤ ਹੁੰਦਾ ਹੈ। ਦੇਖਭਾਲ ਪ੍ਰਦਾਨ ਕਰਤਾ (ਕੇਅਰਰ) ਬੱਚੇ ਦੀ ਦੇਖਭਾਲ ਪ੍ਰਦਾਨ ਕਰਨ ਦੇ ਬਦਲੇ, ਸਮੇਂ ਦੇ ਅਨੁਪਾਤ ਅਨੁਸਾਰ ਭੱਤਾ ਪ੍ਰਾਪਤ ਕਰਦੇ ਹਨ।

ਇਸ ਵਿੱਚ ਦੇਖਭਾਲ ਵਿੱਚ ਰਹਿਣ ਵਾਲੇ ਬੱਚਿਆਂ ਲਈ ਘਰ ਦੇ ਮੁਢਲੇ ਖਰਚੇ, ਖਾਣਾ, ਕੱਪੜੇ, ਤੋਹਫ਼ੇ, ਜੇਬ ਖ਼ਰਚ ਅਤੇ ਮਨੋਰੰਜਨ ਖ਼ਰਚ ਸ਼ਾਮਲ ਹੈ। ਉੱਚ, ਗੁੰਝਲਦਾਰ ਜਾਂ ਬਹੁਤ ਜ਼ਿਆਦਾ ਸਹਾਇਤਾ ਦੀ ਖਾਸ ਜ਼ਰੂਰਤਾਂ ਵਾਲੇ ਬੱਚਿਆਂ ਲਈ ਇੱਕ ਵਾਧੂ ਭੱਤਾ ਦਿੱਤਾ ਜਾਂਦਾ ਹੈ। ਦੇਖਭਾਲ ਪ੍ਰਦਾਨ ਕਰਤਾ (ਕੇਅਰਰ) ਲਈ ਬੱਚਿਆਂ ਨਾਲ ਸਬੰਧਤ ਹੋਰ ਖਰਚਿਆਂ ਲਈ ਵੀ ਅਦਾਇਗੀ ਉਪਲਬਧ ਹੈ।

ਸੰਭਾਲ ਕਰਨ ਵਾਲੇ, ਰਾਸ਼ਟਰਮੰਡਲ ਸਰਕਾਰ ਦੇ ਲਾਭਾਂ, ਜਿਵੇਂ ਕਿ ਪਰਿਵਾਰਕ ਟੈਕਸ ਲਾਭ ਭਾਗ ਏ, ਪਰਿਵਾਰਕ ਟੈਕਸ ਲਾਭ ਬੀ, ਬੱਚਿਆਂ ਦੀ ਦੇਖਭਾਲ ਦੀ ਸਬਸਿਡੀ, ਮਾਪਿਆਂ ਦੀ ਛੁੱਟੀ ਵਾਲੀ ਤਨਖਾਹ ਜਾਂ ਪਾਲਣ-ਪੋਸ਼ਣ ਭੁਗਤਾਨ ਲਈ ਵੀ ਯੋਗ ਹੋ ਸਕਦੇ ਹਨ। ਵਧੇਰੇ ਜਾਣਕਾਰੀ ਲਈ, ਸੈਂਟਰਲਿੰਕ ਨੂੰ 13 61 50 ਉੱਤੇ ਫੋਨ ਕਰੋ ਜਾਂ www.servicesaustralia.gov.au ਉੱਤੇ ਜਾਓ।

## ਵਧੇਰੇ ਜਾਣਕਾਰੀ ਲਈ ਤੁਸੀਂ ਕਿਸ ਨਾਲ ਸੰਪਰਕ ਕਰਦੇ ਹੋ?

ਫੋਸਟਰ ਕੇਅਰਰ ਭਰਤੀ ਲਾਈਨ ਨੂੰ 1300 550 877 ਉੱਤੇ ਫੋਨ ਕਰੋ।

ਦੇਖਭਾਲ ਦੀਆਂ ਵੱਖ ਵੱਖ ਕਿਸਮਾਂ ਅਤੇ ਬਿਗਾਨੇ ਪਾਲਣ ਪੋਸ਼ਣ ਕਰਨ ਵਾਲੇ ਜਾਂ ਦੇਖਭਾਲ ਕਰਨ ਵਾਲੇ ਰਿਸ਼ਤੇਦਾਰ ਕਿਵੇਂ ਬਣ ਸਕਦੇ ਹਨ, ਇਸ ਬਾਰੇ ਵਧੇਰੇ ਜਾਣਕਾਰੀ ਲਈ ਉੱਤੇ ਜਾਓ।

ਅਨੁਵਾਦ ਅਤੇ ਦੁਭਾਸ਼ੀਏ ਸੇਵਾ (TIS National) ਉਹਨਾਂ ਲੋਕਾਂ ਲਈ ਇੱਕ ਦੁਭਾਸ਼ੀਏ ਸੇਵਾ ਹੈ, ਜੋ ਅੰਗ੍ਰੇਜ਼ੀ ਨਹੀਂ ਬੋਲਦੇ ਹਨ। 131 452 ਤੇ ਫੋਨ ਕਰੋ ਜਾਂ www.tisnational.gov.au ਉੱਤੇ ਜਾਓ।